BC Centre for Disease Control
Provincial Health Services Authority

Provincial Tuberculosis Services

Main Switchboard 604 707 2692
TB Services Fax 604 707 2690

www.bccdc.ca

Punjabi

# ਮੋਕਸੀਫ਼ਲੋਕਸੈਸਿਨ
# MOXIFLOXACIN

ਮੋਕਸੀਫ਼ਲੋਕਸੈਸਿਨ (Moxifloxacin) ਇੱਕ ਐਂਟੀਬਾਇਓਟਿਕ (ਰੋਗਾਣੂਨਾਸ਼ਕ ਦਵਾਈ) ਹੈ ਜਿਸ ਨੂੰ ਟੀ.ਬੀ. ਸਮੇਤ ਰੋਗਾਣੂਆਂ ਤੋਂ ਹੋਈਆਂ ਇਨਫ਼ੈਕਸ਼ਨ ਦੇ ਇਲਾਜ ਲਈ ਇਸਤੇਮਾਲ ਕੀਤਾ ਜਾਂਦਾ ਹੈ।

.

**ਮੈਨੂੰ ਇਹ ਦਵਾਈ ਕਦੋਂ ਲੈਣੀ ਚਾਹੀਦੀ ਹੈ? (When should I take this?)**

- ਮੋਕਸੀਫ਼ਲੋਕਸੈਸਿਨ ਨੂੰ ਖਾਣੇ ਦੇ ਨਾਲ ਜਾਂ ਖਾਣੇ ਤੋਂ ਬਗ਼ੈਰ ਲਿਆ ਜਾ ਸਕਦਾ ਹੈ।
- ਇਸ ਨੂੰ ਹਰ ਰੋਜ਼ ਇੱਕੋ ਸਮੇਂ 'ਤੇ 8 ਔਂਸ (=240 ਮਿ.ਲਿ.) ਪਾਣੀ ਦੇ ਗਲਾਸ ਨਾਲ ਲਓ।
- ਗੋਲੀ ਸਾਬਤ ਲੰਘਾਓ। ਉਸ ਦੇ ਟੁਕੜੇ ਕਰਨੇ, ਪੀਸਣਾ ਜਾਂ ਚਿੱਥਣਾ ਨਹੀਂ।
- ਦਵਾਈ ਹਰ ਰੋਜ਼ ਇੱਕ ਨਿਸ਼ਚਿਤ ਸਮੇਂ ਤੇ ਹੀ ਲਵੋ। ਅਜਿਹਾ ਕਰਨ ਨਾਲ ਤੁਹਾਨੂੰ ਦਵਾਈ ਲੈਣੀ ਯਾਦ ਰਹੇਗੀ।
- ਸਾਰੇ ਦਿਨ ਵਿੱਚ ਤਰਲ ਪਦਾਰਥਾਂ ਦੇ ਕਈ ਗਲਾਸ ਪੀਓ।
- ਗੋਲੀਆਂ ਨੂੰ ਸਾਬਤ ਨਿਗਲੋ। ਇਨ੍ਹਾਂ ਨੂੰ ਪੀਸਣਾ ਜਾਂ ਚਬਾਉਣਾ ਨਹੀਂ ਹੈ।

**ਮੈਨੂੰ ਇਹ ਦਵਾਈ ਕਿਵੇਂ ਲੈਣੀ ਚਾਹੀਦੀ ਹੈ? (How should I take this?)**

- ਇਹ ਬਹੁਤ ਮਹੱਤਵਪੂਰਣ ਹੈ ਕਿ ਤੁਸੀਂ ਮੋਕਸੀਫ਼ਲੋਕਸੈਸਿਨ ਨੂੰ ਬਿਲਕੁਲ ਆਪਣੇ ਡਾਕਟਰ ਦੇ ਨਿਰਦੇਸ਼ ਅਨੁਸਾਰ ਲਓ।

**ਜੇ ਮੈਂ ਦਵਾਈ ਦੀ ਖ਼ੁਰਾਕ ਲੈਣੀ ਭੁੱਲ ਜਾਵਾਂ ਤਾਂ ਮੈਨੂੰ ਕੀ ਕਰਨਾ ਚਾਹੀਦਾ ਹੈ? (What should I do if I miss a dose?)**

- ਜੇ ਤੁਸੀਂ ਦਵਾਈ ਦੀ ਕੋਈ ਖ਼ੁਰਾਕ ਲੈਣੀ ਭੁੱਲ ਜਾਂਦੇ ਹੋ ਤਾਂ ਯਾਦ ਆਉਣ 'ਤੇ ਤੁਰੰਤ ਉਹ ਖ਼ੁਰਾਕ ਲੈ ਲਓ। ਪਰ ਜੇ ਅਗਲੇ ਦਿਨ ਦੀ ਖ਼ੁਰਾਕ ਦਾ ਸਮਾਂ ਹੋਣ ਵਾਲਾ ਹੈ ਤਾਂ ਭੁੱਲੀ ਹੋਈ ਖ਼ੁਰਾਕ ਨੂੰ ਨਾ ਲਓ।
- **ਦੁੱਗਣੀ ਖ਼ੁਰਾਕ ਨਾ ਲਓ।**

**ਇਹ ਦਵਾਈ ਲੈਂਦੇ ਹੋਏ ਕੀ ਮੈਨੂੰ ਕੋਈ ਪਰਹੇਜ਼ ਕਰਨਾ ਚਾਹੀਦਾ ਹੈ? (Is there anything I should avoid when taking this?)**

- Moxifloxacin ਨੂੰ ਹੇਠ ਲਿਖੀਆਂ ਚੀਜ਼ਾਂ ਤੋਂ ਘੱਟੋ-ਘੱਟ **4 ਘੰਟੇ ਪਹਿਲਾਂ ਜਾਂ 8 ਘੰਟੇ ਬਾਅਦ** ਲੈਣਾ ਚਾਹੀਦਾ ਹੈ:
  - ਉਹ ਐਂਟਾਸਿਡ (ਖਟਾਈ ਮਾਰ ਦਵਾਈਆਂ) ਜਿਨ੍ਹਾਂ ਵਿੱਚ ਅਲਮੀਨੀਮ ਅਤੇ/ਜਾਂ ਮੈਗਨੀਸ਼ੀਅਮ [ਜਿਵੇਂ ਕਿ, ਮਾਲੌਕਸ, ਮਾਇਲੈਂਟਾ (Maalox, Mylanta) ਹੋਵੇ।
  - ਸੂਕਰੈਲਫ਼ੇਟ (ਅਲਸਰ ਦੀ ਦਵਾਈ)
  - ਆਇਰਨ ਜਾਂ ਜ਼ਿੰਕ ਵਾਲੇ ਸੰਪੂਰਕ।

ਜੇਕਰ ਤੁਸੀਂ ਕਾਊਂਟਰ ਤੋਂ ਮਿਲਣ ਵਾਲੇ ਪ੍ਰੌਡੱਕਟਾਂ (ਜਿਨ੍ਹਾਂ ਲਈ ਡਾਕਟਰੀ ਨਿਰਦੇਸ਼ ਦੀ ਲੋੜ ਨਹੀਂ ਹੁੰਦੀ) ਸਮੇਤ ਕੋਈ ਹੋਰ ਦਵਾਈਆਂ ਲੈ ਰਹੇ ਹੋ ਤਾਂ ਮੋਕਸੀਫ਼ਲੋਕਸੈਸਿਨ ਲੈਣ ਤੋਂ ਪਹਿਲਾਂ ਆਪਣੇ ਡਾਕਟਰ, ਨਰਸ ਜਾਂ ਫ਼ਾਰਮਾਸਿਸਟ (ਦਵਾਸਾਜ਼) ਨੂੰ ਦੱਸੋ। ਡਾਕਟਰ ਜਾਂ ਫ਼ਾਰਮਾਸਿਸਟ ਦੀ ਸਲਾਹ ਤੋਂ ਬਗ਼ੈਰ ਕੋਈ ਨਵੀਂ ਦਵਾਈ ਲੈਣੀ ਸ਼ੁਰੂ ਨਾ ਕਰੋ।

**ਕੁਝ ਸੰਭਾਵੀ ਮਾੜੇ ਪ੍ਰਭਾਵ ਕੀ ਹਨ? (What are some possible side effects?)**

ਮਾੜੇ ਪ੍ਰਭਾਵ ਬਹੁਤ ਹੀ ਘੱਟ ਸਾਹਮਣੇ ਆਉਂਦੇ ਹਨ ਅਤੇ ਆਮ ਤੌਰ 'ਤੇ ਮਾਮੂਲੀ ਹੀ ਹੁੰਦੇ ਹਨ ਅਤੇ ਇਨ੍ਹਾਂ ਵਿੱਚ ਹੇਠ ਲਿਖੇ ਮਾੜੇ ਪ੍ਰਭਾਵ ਸ਼ਾਮਲ ਹੋ ਸਕਦੇ ਹਨ:

- ਜੀਅ ਕੱਚਾ ਹੋਣਾ, ਉਲਟੀਆਂ, ਦਸਤ
- ਸਿਰ ਦਰਦ
- ਸੁਸਤੀ ਜਾਂ ਸਿਰ ਚਕਰਾਉਣਾ



Provincial Health Services Authority
Province-wide solutions.
Better health.

ACCREDITED • AGRÉÉ • CCHSA • CCASS

*A research and teaching centre affiliated with UBC*

# ਮੋਕਸੀਫ਼ਲੋਕਸੈਸਿਨ
## MOXIFLOXACIN

**ਸਾਵਧਾਨ (Caution): ਜੇ ਤੁਹਾਨੂੰ ਹੇਠ ਲਿਖੇ ਲੱਛਣਾਂ ਦਾ ਅਨੁਭਵ ਹੋਵੇ ਤਾਂ ਤੁਰੰਤ ਆਪਣੇ ਡਾਕਟਰ ਜਾਂ ਨਰਸ ਨੂੰ ਫ਼ੋਨ ਕਰੋ:**

- ਧੱਫੜ, ਛਪਾਕੀ ਜਾਂ ਸਾਹ ਲੈਣ ਵਿੱਚ ਤਕਲੀਫ਼
- ਦਿਲ ਦੀ ਧੜਕਣ ਵਿੱਚ ਬੇਕਾਇਦਗੀ ਜਾਂ ਛਾਤੀ ਵਿੱਚ ਪੀੜ ਹੋਣੀ
- ਮਾਸ ਪੇਸ਼ੀਆਂ, ਪੱਠਿਆਂ ਜਾਂ ਜੋੜਾਂ ਵਿੱਚ ਪੀੜ
- ਹੱਥਾਂ ਜਾਂ ਪੈਰਾਂ ਵਿੱਚ ਦਰਦ, ਜਲਨ, ਝੁਣਝੁਣੀ, ਕਮਜ਼ੋਰੀ
- ਚਮੜੀ ਜਾਂ ਅੱਖਾਂ ਦੇ ਚਿੱਟੇ ਹਿੱਸੇ ਦਾ ਪੀਲਾਪਨ
- ਨਿਗਾਹ ਵਿੱਚ ਤਬਦੀਲੀ ਜਾਂ ਗੜਬੜੀ
- ਦਸਤ ਬਹੁਤ ਜ਼ਿਆਦਾ ਜਾਂ ਖ਼ੂਨ ਵਾਲੇ
- ਜਾਰੀ ਰਹਿਣ ਵਾਲੇ ਕੋਈ ਵੀ ਹੋਰ ਮਾੜੇ ਪ੍ਰਭਾਵ

ਉੱਪਰ ਲਿਖਿਆਂ ਲੱਛਣਾਂ ਤੋਂ ਇਲਾਵਾ ਜੇ ਕੋਈ ਹੋਰ ਅਸਾਧਾਰਣ ਲੱਛਣ ਨਜ਼ਰ ਆਉਣ ਤਾਂ ਆਪਣੇ ਡਾਕਟਰ ਨੂੰ ਦੱਸੋ।

ਮੋਕਸੀਫ਼ਲੋਕਸੈਸਿਨ ਕਾਰਣ ਸੁਸਤੀ ਚੜ੍ਹ ਸਕਦੀ ਹੈ ਜਾਂ ਚੱਕਰ ਆ ਸਕਦੇ ਹਨ। । ਗੱਡੀ ਚਲਾਉਂਦੇ ਹੋਏ, ਮਸ਼ੀਨ ਉੱਪਰ ਕੰਮ ਕਰਨ ਸਮੇਂ ਜਾਂ ਕੋਈ ਖ਼ਤਰਨਾਕ ਕੰਮ ਜਿੱਥੇ ਦਿਮਾਗੀ ਚੌਕਸੀ ਜਾਂ ਅੰਗਾਂ ਦਾ ਸੁਮੇਲ ਦੀ ਲੋੜ ਹੋਵੇ ਉਸ ਸਮੇਂ ਸਾਵਧਾਨ ਰਹੋ।

ਮੋਕਸੀਫ਼ਲੋਕਸੈਸਿਨ ਕਾਰਣ ਆਸਾਨੀ ਨਾਲ ਸੰਨਬਰਨ (ਧੁੱਪ ਕਾਰਣ ਸਾੜ ਪੈਣੇ) ਹੋ ਸਕਦਾ ਹੈ। ਧੁੱਪ ਵਿੱਚ ਬਹੁਤ ਜ਼ਿਆਦਾ ਬਾਹਰ ਜਾਣ ਜਾਂ ਨਕਲੀ ਯੂ.ਵੀ. ਰੋਸ਼ਨੀ (ਜਿਵੇਂ ਕਿ ਸੰਨਲੈਂਪ ਜਾਂ ਟੈਨਿੰਗ ਬੈੱਡਜ਼) ਤੋਂ ਪਰਹੇਜ਼ ਕਰੋ। ਸੰਨਸਕ੍ਰੀਨ ਲਗਾਓ ਅਤੇ ਧੁੱਪ ਤੋਂ ਬਚਾਅ ਕਰਨ ਵਾਲੇ ਕੱਪੜੇ ਪਹਿਨੋ।

ਜੇਕਰ ਤੁਹਾਨੂੰ ਡਾਇਬੀਟੀਜ਼ ਹੈ ਤਾਂ ਇਹ ਦਵਾਈ ਲੈਂਦੇ ਹੋਏ ਆਪਣੇ ਖ਼ੂਨ ਵਿੱਚ ਗਲੂਕੋਸ ਦੇ ਪੱਧਰ ਦੀ ਬਾਕਾਇਦਾ ਜਾਂਚ ਕਰਵਾਓ।

ਜੇਕਰ ਤੁਸੀਂ ਗਰਭਵਤੀ ਹੋ, ਗਰਭ ਧਾਰਨ ਕਰਨ ਦੀ ਯੋਜਨਾ ਬਣਾ ਰਹੇ ਹੋ ਜਾਂ ਆਪਣੇ ਬੱਚੇ ਨੂੰ ਆਪਣਾ ਦੁੱਧ ਚੁੰਘਾਉਣ ਦੀ ਇੱਛਾ ਰੱਖਦੇ ਹੋ ਤਾਂ ਇਸ ਬਾਰੇ ਆਪਣੇ ਡਾਕਟਰ ਨੂੰ ਦੱਸੋ।

### ਮੈਨੂੰ ਇਹ ਦਵਾਈ ਕਿੱਥੇ ਰੱਖਣੀ ਚਾਹੀਦੀ ਹੈ? (Where should I store this medication?)

- ਬੱਚਿਆਂ ਦੀ ਪਹੁੰਚ ਤੋਂ ਦੂਰ ਰੱਖੋ
- ਗੋਲ਼ੀਆਂ: ਕਮਰੇ ਦੇ ਤਾਪਮਾਨ 'ਤੇ (15°C ਤੋਂ 30°C) ਬੰਦ ਡੱਬੇ ਵਿਚ ਰੱਖੋ।
  ਗਰਮੀ ਅਤੇ ਸਿੱਧੀ ਰੋਸ਼ਨੀ ਤੋਂ ਬਚਾਓ। ਠੰਡੀ, ਖ਼ੁਸ਼ਕ ਜਗ੍ਹਾ ਵਿੱਚ ਰੱਖੋ।

### ਜੇ ਮੇਰੇ ਕੋਈ ਹੋਰ ਸਵਾਲ ਹੋਣ ਤਾਂ ਮੈਂ ਕਿੱਥੇ ਫ਼ੋਨ ਕਰਾਂ? (Where do I call if I have any other questions?)

ਆਪਣੇ ਡਾਕਟਰ ਨੂੰ, ਕਲੀਨਿਕ ਵਿਖੇ ਜਾਂ ਪਬਲਿਕ ਹੈਲਥ ਯੂਨਿਟ ਵਿਖੇ: ____________________________

| | |
|---|---|
| ਵੈਨਕੂਵਰ ਟੀ.ਬੀ. ਸਰਵਿਸਿਜ਼ ਕਲੀਨਿਕ: | 604-707-2692 |
| ਨਿਊ ਵੈਸਟਮਿਨਸਟਰ ਟੀ.ਬੀ. ਸਰਵਿਸਿਜ਼ ਕਲੀਨਿਕ: | 604-707-2698 |
| ਬੀ.ਸੀ.ਸੀ.ਡੀ.ਸੀ. ਵੈਕਸੀਨ ਅਤੇ ਫ਼ਾਰਮੇਸੀ ਸੇਵਾਵਾਂ: | 604-707-2580 |